AQA

Please write clearly in block capitals.

Centre number | | | | | |    Candidate number | | | | |

Surname ________________________________

Forename(s) ________________________________

Candidate signature ________________________________
I declare this is my own work.

# GCSE PANJABI

**F**

## Foundation Tier   Paper 3  Reading

Tuesday 9 June 2020    Afternoon    Time allowed: 45 minutes

**Materials**
You will need no other materials.

**Instructions**
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**. In **Section B**, answer the questions in **Panjabi**. In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.
- You must **not** use a dictionary.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| 13 | |
| 14 | |
| **TOTAL** | |

*Do not write outside the box*

**Section A**

Questions and answers in **English**.

**0 1** **Festivals**

You read a Panjabi online forum where young people are discussing what they like doing at different festivals.



**Gurkirat**

ਮੈਂ ਦੀਵਾਲੀ ਤੇ ਪਟਾਕੇ ਚਲਾਉਂਦੀ ਹਾਂ।



**Loveleen**

ਮੈਂ ਵਿਸਾਖੀ ਤੇ ਨਗਰ ਕੀਰਤਨ ਤੇ ਜਾਂਦੀ ਹਾਂ।



**Randeep**

ਮੈਂ ਗੁਰਪੁਰਬ ਤੇ ਲੰਗਰ ਦੀ ਸੇਵਾ ਕਰਦਾ ਹਾਂ।

*Do not write outside the box*

Which of the following activities is the most enjoyable for each person?

Write the correct letter in each box.

| | |
|---|---|
| **A** | Eating sweets |
| **B** | Lighting fireworks |
| **C** | Making candles |
| **D** | Receiving gifts |
| **E** | Serving food |
| **F** | Vaisakhi procession |

**0 1 . 1** **Gurkirat** ☐

**[1 mark]**

**0 1 . 2** **Loveleen** ☐

**[1 mark]**

**0 1 . 3** **Randeep** ☐

**[1 mark]**

**3**

**Turn over for the next question**

Do not write outside the box

**0 2** **Films**

You see a Panjabi online forum, where people are talking about their choice of films.



**Kuldeep**

ਮੈਨੂੰ ਰਾਜੇ ਰਾਣੀਆਂ ਵਾਲੀਆਂ ਫਿਲਮਾਂ ਪਸੰਦ ਹਨ।



**Amar**

ਮੈਨੂੰ ਲੜਾਈ ਵਾਲੀਆਂ ਫਿਲਮਾਂ ਬਿਲਕੁਲ ਪਸੰਦ ਨਹੀਂ ਹਨ।



**Ranjeet**

ਮੈਨੂੰ ਹਾਸੇ ਵਾਲੀਆਂ ਫਿਲਮਾਂ ਬਹੁਤ ਪਸੰਦ ਹਨ।



**Rina**

ਮੈਨੂੰ ਜਾਦੂ ਵਾਲੀਆਂ ਫਿਲਮਾਂ ਬਹੁਤ ਪਸੰਦ ਹਨ।

Complete the following sentences in **English**.

**0 2 . 1** Kuldeep enjoys films about ______________________________ . **[1 mark]**

**0 2 . 2** Amar does **not** like films about ______________________________ . **[1 mark]**

**0 2 . 3** Ranjeet enjoys ______________________________ . **[1 mark]**

**0 2 . 4** Rina likes films with ______________________________ . **[1 mark]**

4

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 3** **Free-time activities**

You read about two friends on a Panjabi social networking site talking about how they spend their free time.

**Talwinder**

ਮੈਨੂੰ ਗੀਤ ਸੰਗੀਤ ਦਾ ਬਹੁਤ ਸ਼ੌਕ ਹੈ। ਮੈਨੂੰ ਭੰਗੜੇ ਵਾਲੇ ਗਾਣਿਆਂ ਤੇ ਨੱਚਣਾ ਬਹੁਤ ਚੰਗਾ ਲਗਦਾ ਹੈ। ਮੈਂ ਹਰ ਸ਼ਨੀਵਾਰ ਢੋਲ ਵੀ ਸਿੱਖਣ ਜਾਂਦੀ ਹਾਂ। ਪਰ ਢੋਲ ਸਿੱਖਣ ਦਾ ਸ਼ੌਕ ਕਾਫੀ ਮਹਿੰਗਾ ਹੈ।

**Simranjeet**

ਮੈਨੂੰ ਛੋਟੀਆਂ ਕਹਾਣੀਆਂ ਪੜ੍ਹਨਾ ਬਹੁਤ ਚੰਗਾ ਲਗਦਾ ਹੈ। ਇਹ ਕਹਾਣੀਆਂ ਇੰਨੀਆਂ ਦਿਲਚਸਪ ਹਨ ਕਿ ਇੱਕ ਵਾਰੀ ਪੜ੍ਹਨਾ ਸ਼ੁਰੂ ਕਰ ਦਿਉ ਤਾਂ ਜਦੋਂ ਤੱਕ ਕਹਾਣੀ ਖਤਮ ਨਹੀਂ ਹੁੰਦੀ ਤੁਹਾਡਾ ਮਨ ਹਟਣ ਨੂੰ ਨਹੀਂ ਕਰਦਾ।

**0 3 . 1** Which **two** statements about Talwinder are true?

Write the correct letters in the boxes.

| | |
|---|---|
| **A** | She likes music. |
| **B** | She goes to dance lessons. |
| **C** | She does not like dance. |
| **D** | She finds lessons quite expensive. |
| **E** | She likes playing Dhol. |

**[2 marks]**

Do not write outside the box

**0 3 . 2** Which **two** statements about Simranjeet are true?

Write the correct letters in the boxes.

| | |
|---|---|
| **A** | He is fond of novels. |
| **B** | He likes stories. |
| **C** | He stops reading when he gets bored. |
| **D** | He cannot stop once he starts reading. |
| **E** | He enjoys short poems. |

☐ ☐

**[2 marks]**

4

Do not write outside the box

**0 4** **My studies**

You read Amanveer's email about his studies.

ਹੈਲੋ

ਪਹਿਲਾਂ ਮੇਰੀ ਸਿਹਤ ਠੀਕ ਨਾ ਹੋਣ ਕਰਕੇ ਮੇਰਾ ਪੜ੍ਹਾਈ ਵਿੱਚ ਮਨ ਨਹੀਂ ਲਗਦਾ ਸੀ। ਪਰ ਅੱਜ ਕੱਲ੍ਹ ਮੇਰੀ ਪੜ੍ਹਾਈ ਬਹੁਤ ਚੰਗੀ ਚਲ ਰਹੀ ਹੈ। ਪਹਿਲਾਂ ਮੈਨੂੰ ਹਿਸਾਬ ਬਹੁਤ ਔਖਾ ਲਗਦਾ ਸੀ। ਪਰ ਹੁਣ ਨਹੀਂ, ਕਿਉਂਕਿ ਸਾਡਾ ਟੀਚਰ ਸਾਨੂੰ ਸਕੂਲ ਤੋਂ ਬਾਅਦ ਹਿਸਾਬ ਪੜ੍ਹਾਉਂਦਾ ਹੈ।

ਪਹਿਲਾਂ ਬੱਚੇ ਜਮਾਤ ਵਿੱਚ ਬਹੁਤ ਸ਼ਰਾਰਤਾਂ ਕਰਦੇ ਸਨ। ਪਰ ਹੁਣ ਕੋਈ ਵੀ ਸ਼ਰਾਰਤ ਨਹੀਂ ਕਰਦਾ।

ਅੱਜ ਕੱਲ੍ਹ ਤੁਸੀਂ ਕੀ ਕਰ ਰਹੇ ਹੋ ? ਆਉਣ ਵਾਲੀਆਂ ਛੁੱਟੀਆਂ ਵਿੱਚ ਮੈਂ ਛੋਟੇ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਾਂਗਾ।

ਤੇਰਾ ਚਚੇਰਾ ਭਰਾ

ਅਮਨਵੀਰ

When did the events listed below occur?

Write **P** for something that happened in the **past**.

Write **N** for something that is happening **now**.

Write **F** for something that is going to happen in the **future**.

**0 4 . 1** Success in studies ☐ **[1 mark]**

**0 4 . 2** Struggles in Mathematics ☐ **[1 mark]**

**0 4 . 3** Good discipline in class ☐ **[1 mark]**

**0 4 . 4** Help children during the holidays ☐ **[1 mark]**

4

*Do not write outside the box*

**0 5** **School uniform**

You read Panjabi students' views about school uniform on a social networking site.

**Sukhmani**

ਸਕੂਲ ਦੀ ਵਰਦੀ ਵਿੱਚ ਸਾਰੇ ਬੱਚੇ ਇੱਕੋ ਜਿਹੇ ਲਗਦੇ ਹਨ। ਪਰ ਮੇਰੇ ਸਕੂਲ ਦੀ ਵਰਦੀ ਖਰੀਦਣ ਲਈ ਪੈਸੇ ਬਹੁਤ ਲਗਦੇ ਹਨ।

**Kiran**

ਮੇਰੇ ਸਕੂਲ ਦੀ ਵਰਦੀ ਦੇਖਣ ਨੂੰ ਤਾਂ ਬਹੁਤ ਸੁਹਣੀ ਲਗਦੀ ਹੈ। ਪਰ ਗਰਮੀਆਂ ਨੂੰ ਇਸ ਵਿੱਚ ਬਹੁਤ ਗਰਮੀ ਲਗਦੀ ਹੈ।

For each student, write down **one** advantage and **one** disadvantage.

Answer in **English**.

**0 5 . 1** **Sukhmani**

| Advantage | Disadvantage |
|---|---|
| | |

**[2 marks]**

**0 5 . 2** **Kiran**

| Advantage | Disadvantage |
|---|---|
| | |

**[2 marks]**

4

**Turn over ▶**

Do not write outside the box

**0 6** **Short story**

You read the following extract from a short story by Professor Puran Singh.

> ਮੈਲੇ ਅਤੇ ਪਾਟੇ ਕੱਪੜਿਆਂ ਵਿੱਚ ਬੈਠੀ ਮੀਨਾ ਨੂੰ ਵੇਖ ਗੌਤਮ ਅਤੇ ਤ੍ਰਿਪਤਾ ਹੈਰਾਨ ਹੋ ਗਏ। ਮੀਨਾ ਦੀ ਸ਼ਕਲ ਬਿਲਕੁਲ ਰੀਨਾ ਵਰਗੀ ਸੀ। ਮੀਨਾ ਦੇ ਮਾਂ-ਬਾਪ ਲੋਕਾਂ ਦੇ ਘਰਾਂ ਦੀ ਸਫਾਈ ਕਰਦੇ ਸਨ। ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚਲਦਾ ਸੀ। ਗੌਤਮ ਅਤੇ ਤ੍ਰਿਪਤਾ ਨੂੰ ਮੀਨਾ ਵਿੱਚੋਂ ਆਪਣੀ ਧੀ ਰੀਨਾ ਨਜ਼ਰ ਆਉਣ ਲੱਗੀ। ਉਨ੍ਹਾਂ ਨੇ ਰੀਨਾ ਦੇ ਸਾਰੇ ਕੱਪੜੇ ਅਤੇ ਕਿਤਾਬਾਂ ਮੀਨਾ ਨੂੰ ਦੇ ਦਿੱਤੇ।
>
> ਇੱਕ ਦਿਨ ਗੌਤਮ ਅਤੇ ਤ੍ਰਿਪਤਾ ਨੇ ਸੋਚਿਆ, ਉਹ ਮੀਨਾ ਨੂੰ ਉਸ ਦੇ ਮਾਪਿਆਂ ਕੋਲੋਂ ਕਾਨੂੰਨੀ ਤੌਰ ਤੇ ਲੈ ਲੈਣਗੇ। ਪਰ ਜਦੋਂ ਉਨ੍ਹਾਂ ਨੇ ਬਾਹਰ ਵੇਖਿਆ ਮੀਨਾ ਆਪਣੀ ਦਾਦੀ ਨਾਲ ਸਿਰ ਤੇ ਟੋਕਰੀ ਵਿੱਚ ਝਾੜੂ ਰੱਖੀ ਕਿਸੇ ਦੇ ਘਰ ਦੀ ਸਫਾਈ ਕਰਨ ਜਾ ਰਹੀ ਸੀ।

Write **T** if the statement is **true**.

Write **F** if the statement is **false**.

Write **NT** if the information is **not in the text**.

**0 6 . 1** The state of Meena's clothes was bad. **[1 mark]**

**0 6 . 2** Meena did not look like Reena at all. **[1 mark]**

**0 6 . 3** Meena's parents were very poor. **[1 mark]**

**0 6 . 4** Tripta found a job in Meena's school to spend more time with her. **[1 mark]**

**0 6 . 5** Gautam and Tripta gave all Reena's belongings to Meena. **[1 mark]**


**0 6 . 6** Reena's parents decided to adopt Meena. **[1 mark]**

**0 6 . 7** Meena came to Gautam and Tripta's house to do a cleaning job. **[1 mark]**

7

## 0 7 Tweets about marriage

Ranveer has posted a tweet about marriage on Twitter.
Read some of his friends' replies.



**Ranveer**

**Ranveer@Sahota17**
ਵਿਆਹ ਬਾਰੇ ਤੁਹਾਡੇ ਕੀ ਵਿਚਾਰ ਹਨ ?

**Balwinder@Chatha3**
**@Sahota17**
ਵਿਆਹ ਇੱਕ ਪਵਿੱਤਰ ਰਿਸ਼ਤਾ ਹੈ ।

**Ranjeet_Hare@Hare_R5**
**@Sahota17**
ਵਿਆਹ ਕਰਾਉਣਾ ਚੰਗੀ ਗੱਲ ਹੈ ਪਰ ਤਲਾਕ ਤੋਂ ਡਰ ਲਗਦਾ ਹੈ ।

**Arjun_Rai@Rai_A7**
**@Sahota17**
ਵਿਆਹ ਕਰਵਾ ਕੇ ਤੁਸੀਂ ਮਨਮਰਜ਼ੀ ਨਹੀਂ ਕਰ ਸਕਦੇ ।

What are the friends' views on marriage?

For a **positive** view, write **P**.

For a **negative** view, write **N**.

For a **positive** and **negative** view, write **P/N**.

**0 7 . 1** Balwinder

**[1 mark]**

**0 7 . 2** Ranjeet

**[1 mark]**

**0 7 . 3** Arjun

**[1 mark]**

**Turn over ▶**

Do not write outside the box

**0 8** **A questionnaire**

Your Panjabi friend, Simran, has filled in a questionnaire from a magazine.
Look at the answers she has circled.

| ਤੁਸੀਂ ਕਿਸ ਤਰ੍ਹਾਂ ਦੇ ਇਨਸਾਨ ਹੋ ? |
|---|

ਹੇਠ ਲਿਖੇ ਸਰਵੇ ਨੂੰ ਪੂਰਾ ਕਰੋ ।

**ਉਦਾਹਰਣ** ਤੁਸੀਂ ਸਕੂਲ ਕਿਵੇਂ ਜਾਂਦੇ ਹੋ ?

A ਬਸ ਤੇ
B ਕਾਰ ਤੇ
(C) ਪੈਦਲ

1. ਤੁਸੀਂ ਹਫਤੇ ਵਿੱਚ ਕਸਰਤ ਕਿੰਨੀ ਵਾਰੀ ਕਰਦੇ ਹੋ ?

A ਕਦੇ ਵੀ ਨਹੀਂ
B ਕਦੇ ਕਦੇ
(C) ਅਕਸਰ

2. ਤੁਸੀਂ ਟੈਲੀਵੀਜ਼ਨ ਕਿੰਨਾ ਕੁ ਦੇਖਦੇ ਹੋ ?

A ਘੱਟ
(B) ਬਹੁਤ ਘੱਟ
C ਕਦੇ ਵੀ ਨਹੀਂ

3. ਤੁਸੀਂ ਬਾਹਰ ਦਾ ਖਾਣਾ ਕਿੰਨੀ ਵਾਰੀ ਖਾਂਦੇ ਹੋ ?

(A) ਕਦੇ ਵੀ ਨਹੀਂ
B ਕਦੇ ਕਦੇ
C ਅਕਸਰ

4. ਕੀ ਤੁਸੀਂ ਸਕੂਲ ਦੀਆਂ ਖੇਡਾਂ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ?

A ਪਤਾ ਨਹੀਂ
(B) ਪੱਕਾ
C ਬਿਲਕੁਲ ਨਹੀਂ

*Do not write outside the box*

**Example:** According to the circled answer, how do you know Simran is an environmentally friendly person?

**She goes to school on foot.**

Answer the questions in **English**.

**0 8 . 1** According to the circled answer, how do you know Simran is leading a healthy life?
**[1 mark]**

____________________________________________

____________________________________________

**0 8 . 2** According to the circled answer, how do you know Simran does **not** like TV much?
**[1 mark]**

____________________________________________

____________________________________________

**0 8 . 3** According to the circled answer, how do you know Simran likes home-made food?
**[1 mark]**

____________________________________________

____________________________________________

**0 8 . 4** According to the circled answer, how do you know Simran enjoys sports in school?
**[1 mark]**

____________________________________________

____________________________________________

**4**

**Turn over for Section B**

Do not write outside the box

**Section B**

Questions and answers in **Panjabi**.

**0 9** **ਪੰਜਾਬੀ ਵਿਸਾਖੀ ਸ਼ੋਅ**

ਤੁਸੀਂ ਪੰਜਾਬੀ ਮੈਗਜ਼ੀਨ ਵਿੱਚ ਇੱਕ ਇਸ਼ਤਿਹਾਰ ਪੜ੍ਹਦੇ ਹੋ।

## ਕਮਲ ਪ੍ਰਦੇਸੀ ਦਾ ਯੂ ਕੇ ਵਿਸਾਖੀ ਟੂਰ

ਪੰਜਾਬ ਦੇ ਮਸ਼ਹੂਰ ਗਾਇਕ ਕਮਲ ਪ੍ਰਦੇਸੀ ਆਪਣੀ ਟੀਮ ਨਾਲ ਵਿਸਾਖੀ ਤੇ ਯੂ ਕੇ ਦੇ ਕਈ ਸ਼ਹਿਰਾਂ ਵਿੱਚ ਸ਼ੋਅ ਕਰਨਗੇ।

ਸਾਰੇ ਸ਼ੋਅ ਸ਼ਾਮ ਨੂੰ ਹੋਣਗੇ।

13 ਅਪ੍ਰੈਲ 6.30 ਵਜੇ ਲੰਡਨ
14 ਅਪ੍ਰੈਲ 7.00 ਵਜੇ ਲੈਸਟਰ
15 ਅਪ੍ਰੈਲ 8.00 ਵਜੇ ਬਰੈਡਫੋਰਡ
16 ਅਪ੍ਰੈਲ 7.30 ਵਜੇ ਬਰਮਿੰਘਮ

ਖਾਣਾ

ਸ਼ੋਅ ਤੇ ਖਾਣੇ ਲਈ ਤੁਹਾਨੂੰ ਪੈਸੇ ਦੇਣੇ ਪੈਣਗੇ।

ਟਿਕਟ

ਕੀਮਤ 40 ਤੋਂ 80 ਪੌਂਡ

ਸ਼ੋਅ ਦੇ ਟਿਕਟ ਤੁਸੀਂ ਯੂ ਕੇ ਬਾਕਸ ਆਫਿਸ ਅਤੇ ਜੇ ਆਰ ਬ੍ਰਦਰਜ਼ ਤੋਂ ਖਰੀਦ ਸਕਦੇ ਹੋ।

Do not write outside the box

ਕਿਹੜੇ **ਤਿੰਨ** ਵਾਕ ਠੀਕ ਹਨ ?

ਸਹੀ ਜਵਾਬ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ ।

| | |
|---|---|
| **A** | ਇਹ ਸ਼ੋਅ ਵਿੱਚ ਪੰਜਾਬ ਦੇ ਗਾਇਕ ਹਿੱਸਾ ਲੈਣਗੇ । |
| **B** | ਇਹ ਸ਼ੋਅ ਬਿਲਕੁਲ ਮੁਫਤ ਹੋਣਗੇ । |
| **C** | ਇਹ ਸ਼ੋਅ ਹਫਤੇ ਤੋਂ ਵੀ ਘੱਟ ਸਮੇਂ ਲਈ ਹੋਣਗੇ । |
| **D** | ਇਹ ਸ਼ੋਅ ਤੇ ਖਾਣਾ ਮੁਫਤ ਮਿਲੇਗਾ । |
| **E** | ਇਹ ਸ਼ੋਅ ਬਹੁਤ ਸਾਰੇ ਸ਼ਹਿਰਾਂ ਵਿੱਚ ਹੋਣਗੇ । |
| **F** | ਇਹ ਸ਼ੋਅ ਦੇ ਟਿਕਟ ਸਿਰਫ ਇੱਕ ਜਗ੍ਹਾ ਤੋਂ ਹੀ ਮਿਲਦੇ ਹਨ । |
| **G** | ਇਸ ਸ਼ੋਅ ਵਿੱਚ ਯੂ ਕੇ ਦੇ ਸਿੰਗਰ ਵੀ ਹਿੱਸਾ ਲੈਣਗੇ । |

**[3 marks]**

3

**Turn over for the next question**

Do not write outside the box

**1 0** **ਨੌਕਰੀ ਅਤੇ ਖਾਹਸ਼ਾਂ**

ਤੁਸੀਂ ਕੁਲਵੀਰ ਦੀ ਈਮੇਲ ਪੜ੍ਹਦੇ ਹੋ।

ਪਿਆਰੇ ਸੰਜੇ,

ਬਾਰ੍ਹਵੀਂ ਜਮਾਤ ਵਿੱਚ ਮੇਰੇ ਚੰਗੇ ਨੰਬਰ ਆਏ ਹਨ। ਮੈਂ ਵਿਗਿਆਨ ਦੇ ਵਿਸ਼ਿਆਂ ਵਿੱਚ ਬਹੁਤ ਹੁਸ਼ਿਆਰ ਹਾਂ। ਪਰ ਮੈਂ ਡਾਕਟਰ ਨਹੀਂ ਬਣਨਾ ਚਾਹੁੰਦਾ। ਮੈਂ ਪੰਜਾਬ ਵਿੱਚ ਅੱਗੇ ਪੜ੍ਹਾਈ ਨਹੀਂ ਕਰਨੀ ਚਾਹੁੰਦਾ। ਮੈਂ ਤਾਂ ਆਈਲੈਟ ਦੀ ਪੜ੍ਹਾਈ ਕਰਕੇ ਕੈਨੇਡਾ ਜਾਣਾ ਚਾਹੁੰਦਾ ਹਾਂ। ਪਰ ਕੈਨੇਡਾ ਜਾਣ ਲਈ ਮੈਨੂੰ ਕੁਝ ਪੈਸੇ ਕਿਸੇ ਕੋਲੋਂ ਉਧਾਰ ਲੈਣੇ ਪੈਣਗੇ। ਜੇ ਤੂੰ ਅਤੇ ਤੇਰਾ ਪਰਿਵਾਰ ਕੁਝ ਸਹਾਇਤਾ ਕਰ ਸਕੋ ਤਾਂ ਬੜਾ ਚੰਗਾ ਹੋਵੇਗਾ!

ਤੇਰਾ ਚਚੇਰਾ ਭਰਾ,

ਕੁਲਵੀਰ ਸਿੰਘ

ਕੁਲਵੀਰ ਬਾਰੇ ਕਿਹੜੇ **ਤਿੰਨ** ਵਾਕ ਠੀਕ ਹਨ?

ਸਹੀ ਜਵਾਬ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

| | |
|---|---|
| **A** | ਉਸ ਨੇ ਬਾਰ੍ਹਵੀਂ ਜਮਾਤ ਪਾਸ ਕਰ ਲਈ ਹੈ। |
| **B** | ਉਸ ਨੂੰ ਸਾਇੰਸ ਦੇ ਵਿਸ਼ੇ ਬਹੁਤ ਔਖੇ ਲਗਦੇ ਹਨ। |
| **C** | ਉਹ ਪੰਜਾਬ ਵਿੱਚ ਉੱਚ ਵਿਦਿਆ ਪ੍ਰਾਪਤ ਕਰੇਗਾ। |
| **D** | ਉਹ ਬਾਹਰਲੇ ਦੇਸ਼ ਨੂੰ ਜਾਣਾ ਚਾਹੁੰਦਾ ਹੈ। |
| **E** | ਉਸ ਕੋਲ ਥੋੜ੍ਹੇ ਪੈਸੇ ਘਟਦੇ ਹਨ। |
| **F** | ਉਹ ਸੰਜੇ ਦੇ ਪਰਿਵਾਰ ਕੋਲੋਂ ਕੋਈ ਮਦਦ ਨਹੀਂ ਚਾਹੁੰਦਾ। |
| **G** | ਉਹ ਡਾਕਟਰ ਬਣਨਾ ਚਾਹੁੰਦਾ ਹੈ। |

☐ ☐ ☐

**[3 marks]**

3

Do not write outside the box

**1 1** **ਪੰਜਾਬੀ ਰੈਸਟੋਰੈਂਟ ਵਿੱਚ**

ਹੇਠਾਂ ਦਿੱਤੀ ਸ਼ਬਦਾਂ ਦੀ ਲਿਸਟ ਵਿੱਚੋਂ ਠੀਕ ਸ਼ਬਦ ਵਾਲਾ ਅੱਖਰ ਚੁਣ ਕੇ ਹਰ ਖਾਨੇ ਵਿੱਚ ਲਿਖੋ।

ਰੈਸਟੋਰੈਂਟ ਲੋਕਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਬਹਿਰੇ ਨੇ ਸਾਨੂੰ ਸਾਡੀਆਂ [ ] ਤੇ ਬਿਠਾ ਦਿੱਤਾ। ਉਹ ਸਾਨੂੰ ਮੈਨਿਊ ਫੜਾ ਕੇ ਚਲਾ ਗਿਆ। ਥੋੜ੍ਹੀ ਦੇਰ ਬਾਅਦ ਉਹ ਸਾਡਾ [ ] ਲੈਣ ਲਈ ਆਇਆ। ਸਟਾਰਟਰ ਗਰਮ ਨਹੀਂ ਸੀ ਪਰ ਮੁੱਖ ਖਾਣਾ ਬਹੁਤ [ ] ਸੀ। ਬਹਿਰੇ ਨੂੰ ਬਿੱਲ ਦੇ [ ] ਦੇ ਕੇ ਅਸੀਂ ਰੈਸਟੋਰੈਂਟ ਤੋਂ ਬਾਹਰ ਆ ਗਏ।

| | |
|---|---|
| **A** | ਆਰਡਰ |
| **B** | ਦਾਲ |
| **C** | ਸੀਟਾਂ |
| **D** | ਪੈਸੇ |
| **E** | ਸੁਆਦ |
| **F** | ਮਿਰਚਾਂ |
| **G** | ਮੇਜ਼ |
| **H** | ਕਾਰਡ |

**[4 marks]**

4

**Turn over for the next question**

Do not write outside the box

**1 2** **ਜਵਾਨ ਪੰਜਾਬ ਦੇ**

ਤੁਸੀਂ ਪ੍ਰੋਫੈਸਰ ਪੂਰਨ ਸਿੰਘ ਦੀ ਲਿਖੀ ਕਵਿਤਾ 'ਜਵਾਨ ਪੰਜਾਬ ਦੇ' ਪੜ੍ਹਦੇ ਹੋ।

ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,
ਮੁਸ਼ਕਲਾਂ ਤੋਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਤੱਕ ਆਪਣੀ ਵਾਰ ਦਿੰਦੇ।
ਪਰ ਰੋਹਬ ਨਾ ਝੱਲਣ ਕਿਸੇ ਦਾ,
ਖਲੋ ਜਾਣ ਡਾਂਗਾਂ ਫੜ ਕੇ,
ਮੰਨਣ ਬਸ ਇੱਕ ਆਪਣੀ ਜਵਾਨੀ ਦੇ ਜ਼ੋਰ ਨੂੰ।

ਸਹੀ ਜਵਾਬ ਵਾਲਾ ਅੱਖਰ ਖਾਨੇ ਵਿੱਚ ਲਿਖੋ।

**1 2 . 1** ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਹੈ ?

| | |
|---|---|
| **A** | ਮਜ਼ਾਕੀਆ |
| **B** | ਦਿਆਲੂ |
| **C** | ਨਿਡਰ |

**[1 mark]**

**1 2 . 2** ਤੁਸੀਂ ਪੰਜਾਬੀਆਂ ਤੋਂ ਕੰਮ ਕਿਵੇਂ ਲੈ ਸਕਦੇ ਹੋ ?

| | |
|---|---|
| **A** | ਤਰੀਕੇ ਨਾਲ |
| **B** | ਪਰੇਮ ਨਾਲ |
| **C** | ਪ੍ਰਸੰਸਾ ਕਰਕੇ |

**[1 mark]**

*Do not write outside the box*

**1 2 . 3** ਪੰਜਾਬੀਆਂ ਨੂੰ ਜੇ ਕੋਈ ਦਬਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਕਿਵੇਂ ਜਵਾਬ ਦਿੰਦੇ ਹਨ ?

| | |
|---|---|
| **A** | ਉਸਦਾ ਡੱਟ ਕੇ ਮੁਕਾਬਲਾ ਕਰਦੇ ਹਨ। |
| **B** | ਉਸ ਨੂੰ ਪਿਆਰ ਨਾਲ ਸਮਝਾਉਂਦੇ ਹਨ। |
| **C** | ਉਸ ਨਾਲ ਸੁਲਾਹ ਕਰ ਲੈਂਦੇ ਹਨ। |

**[1 mark]**

**1 2 . 4** ਪੰਜਾਬੀ ਕਿਹੜੀ ਚੀਜ਼ ਵਿੱਚ ਯਕੀਨ ਰੱਖਦੇ ਹਨ ?

| | |
|---|---|
| **A** | ਦੋਸਤਾਂ ਦੀ ਦੋਸਤੀ ਵਿੱਚ |
| **B** | ਆਪਣੀ ਤਾਕਤ ਵਿੱਚ |
| **C** | ਹੱਕ ਦੀ ਕਮਾਈ ਵਿੱਚ |

**[1 mark]**

4

**Turn over for the next question**

Do not write outside the box

**1 3** **ਵਾਤਾਵਰਣ ਦੀਆਂ ਮੁਸ਼ਕਲਾਂ**

ਤੁਸੀਂ ਪੰਜਾਬ ਵਿੱਚ ਵਾਤਾਵਰਣ ਦੀਆਂ ਆਉਣ ਵਾਲੇ ਸਮੇਂ ਦੀਆਂ ਮੁਸ਼ਕਲਾਂ ਤੇ ਇੱਕ ਆਰਟੀਕਲ ਪੜ੍ਹਦੇ ਹੋ ?

ਪਹਿਲਾਂ ਪੰਜਾਬ ਵਿੱਚ ਕਿਸਾਨਾਂ ਨੇ ਦਰੱਖਤ ਬਹੁਤ ਵੱਢੇ ਸਨ ਪਰ ਹੁਣ ਸਰਕਾਰ ਨੇ ਹਰ ਕਿਸਾਨ ਨੂੰ ਦੋ ਦਰੱਖਤ ਲਗਾਉਣ ਲਈ ਕਿਹਾ ਹੈ। ਝੋਨੇ ਦੀ ਪਰਾਲੀ ਸਾੜਨ ਨਾਲ ਬਹੁਤ ਧੂੰਆਂ ਹੋ ਜਾਂਦਾ ਹੈ। ਇਸ ਕਰਕੇ ਲੋਕਾਂ ਨੂੰ ਸਾਹ ਦੀਆਂ ਮੁਸ਼ਕਲਾਂ ਹੋਣਗੀਆਂ।

ਪਹਿਲਾਂ ਪਿੰਡਾ ਵਿੱਚ ਕੱਚੀਆਂ ਨਾਲੀਆਂ ਹੁੰਦੀਆਂ ਸਨ ਅਤੇ ਰਸਤਿਆਂ ਵਿੱਚ ਚਿੱਕੜ ਹੁੰਦਾ ਸੀ। ਹੁਣ ਨਾਲੀਆਂ ਤਾਂ ਪੱਕੀਆਂ ਬਣ ਗਈਆਂ ਹਨ। ਪਰ ਜ਼ਿਆਦਾ ਮੀਹਾਂ ਕਾਰਨ ਖੇਤਾਂ ਵਿੱਚੋਂ ਖਾਦ ਅਤੇ ਕੀੜੇ ਮਾਰਨ ਵਾਲੀਆਂ ਦਵਾਈਆਂ ਰੁੜ੍ਹ ਕੇ ਪੀਣ ਵਾਲੇ ਪਾਣੀ ਵਿੱਚ ਰਲ ਜਾਂਦੀਆਂ ਹਨ। ਅਸ਼ੁੱਧ ਪਾਣੀ ਪੀਣ ਨਾਲ ਜ਼ਿਆਦਾ ਲੋਕਾਂ ਨੂੰ ਖਤਰਨਾਕ ਬਿਮਾਰੀਆਂ ਲੱਗਣਗੀਆਂ।

ਬੀਤੇ ਸਮੇਂ ਵਿੱਚ ਕਿਹੜੀਆਂ ਦੋ ਮੁਸ਼ਕਲਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ ਦੋ ਮੁਸ਼ਕਲਾਂ ਹੋਣਗੀਆਂ ?

**ਪੰਜਾਬੀ** ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ।

| ਪੁਰਾਣੀ ਮੁਸ਼ਕਲ | ਹੁਣ ਦੀ ਮੁਸ਼ਕਲ | ਆਉਣ ਵਾਲੇ ਸਮੇਂ ਦੀ ਮੁਸ਼ਕਲ |
|---|---|---|
| | ਹਵਾ ਦਾ ਪ੍ਰਦੂਸ਼ਣ | |
| | ਪਾਣੀ ਦਾ ਪ੍ਰਦੂਸ਼ਣ | |

**[4 marks]**

4

Do not write outside the box

## Section C

Translate into **English**.

**1 4** Your cousin from the Punjab has shared the following post on Facebook.
Your sister asks you to translate it into **English** for her.

> ਮੈਂ ਆਪਣਾ ਕਾਰੋਬਾਰ ਖੋਲ੍ਹਣਾ ਚਾਹੁੰਦਾ ਹਾਂ। ਪਿਛਲੇ ਹਫਤੇ, ਮੈਂ ਆਪਣੇ ਪਿਤਾ ਜੀ ਦੀ ਦੁਕਾਨ ਤੇ ਕੰਮ ਕੀਤਾ ਸੀ। ਅਗਲੇ ਸੋਮਵਾਰ, ਮੇਰੇ ਪਿਤਾ ਜੀ ਕੈਨੇਡਾ ਜਾ ਰਹੇ ਹਨ ; ਫਿਰ ਮੈਂ ਆਪਣੇ ਮਾਤਾ ਜੀ ਨਾਲ ਦੁਕਾਨ ਦਾ ਧਿਆਨ ਰੱਖਾਂਗਾ।

**[9 marks]**

9

**END OF QUESTIONS**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | Additional page, if required. Write the question numbers in the left-hand margin. |
|---|---|
| | |

*Do not write outside the box*

| Question number | Additional page, if required. Write the question numbers in the left-hand margin. |
| --- | --- |
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2020 AQA and its licensors. All rights reserved.